20-11-1994

# ਕਲਾ ਦੇ ਝਰੋਖੇ ਤੋਂ

**ਇਕ ਸ਼ਾਹਕਾਰ ਪੰਜਾਬੀ ਕਵਿਤਾ :** ਡਾ. ਗੁਰਮਿੰਦਰ ਸਿੱਧੂ ਦੀ ਕਵਿਤਾ 'ਨਾ ਮੰਮੀ ਨਾ' ਜੋ ਉਸ ਦੇ ਨਵਪ੍ਰਕਾਸ਼ਤ ਕਾਵਿ ਸੰਗ੍ਰਹਿ ਮੱਸਿਆ ਤੇ ਗੁਲਾਬੀ ਲੋਅ' ਵਿਚ ਸ਼ਾਮਲ ਹੈ, ਉਹ ਇਕ ਸ਼ਾਹਕਾਰ ਕਵਿਤਾ ਹੈ। ਗਰਭ ਵਿਚ ਅਣਜੰਮੇ ਬੱਚੇ ਦੇ ਸੈਕਸ ਦੀ ਸ਼ਨਾਖਤ ਅਤੇ ਬੱਚੀ ਹੋਣ ਦੇ ਪਤਾ ਲੱਗਣ 'ਤੇ ਗਰਭਪਾਤ ਕਰਾਉਣਾ ਇਕ ਸਮਾਜਿਕ ਕੁਰੀਤੀ ਹੈ ਜਿਸ ਦੇ ਵਿਰੁੱਧ ਡਾਕਟਰੀ ਨੁਕਤੇ ਤੋਂ ਵੀ ਅਤੇ ਸਮਾਜਿਕ ਨੁਕਤੇ ਤੋਂ ਇਕ ਜ਼ੋਰਦਾਰ ਆਵਾਜ਼ ਉਠਾਈ ਜਾ ਰਹੀ ਹੈ। ਬਹੁਤ ਸਾਰਾ ਸਾਹਿਤ ਵੀ ਇਸ ਸੰਦਰਭ ਵਿਚ ਮਿਲਦਾ ਹੈ ਪਰ ਗੁਰਮਿੰਦਰ ਸਿੱਧੂ ਦੀ ਇਹ ਕਵਿਤਾ ਨਾ ਮੰਮੀ ਨਾ ਇਸ ਵਿਸ਼ੇ 'ਤੇ ਇਕ ਜ਼ੋਰਦਾਰ ਸਾਹਿਤਕ ਕ੍ਰਿਤ ਹੈ, ਜੋ ਸਹਿਜੇ ਹੀ ਉਸ ਨੂੰ ਪੰਜਾਬੀ ਦੀਆਂ ਪ੍ਰਮੁੱਖ ਕਵਿਤਰੀਆਂ ਦੀ ਪਾਲ ਵਿਚ ਲੈ ਆਂਦੀ ਹੈ। ਇਹ ਕਵਿਤਾ ਇਕ ਖਤ ਦੇ ਰੂਪ ਵਿਚ ਅਣਜੰਮੀ ਬੱਚੀ ਵਲੋਂ ਗਰਭਪਾਤ ਕਰਾਉਣ ਜਾ ਰਹੀ ਆਪਣੀ 'ਮਾਂ ਨੂੰ ਹੈ। ਇਸ ਲੰਮੀ ਕਵਿਤਾ ਦਾ ਸੰਖੇਪ ਹੈ:

ਮੇਰੇ ਪਿਆਰੇ ਪਿਆਰੇ ਮੰਮੀ ਜੀਓ
ਨਿੱਕੀ ਜਿਹੀ ਪਾਰੀ ਪਰਵਾਨ ਕਰਨੀ
ਕੱਲ੍ਹ ਮੈਂ ਇਕ ਸਨਸਨੀਖੇਜ਼ ਖਬਰ ਸੁਣੀ ਹੈ
ਤੁਹਾਨੂੰ ਮੇਰੇ ਧੀ ਹੋਣ ਦਾ ਪਤਾ ਲੱਗ ਗਿਐ
ਤੇ ਤੁਸੀਂ ਮੈਨੂੰ ਇਸ ਕੱਚੀ ਉਮਰੇ ਹੀ
ਆਪਣੀ ਗੁਦਗੁਦੀ ਕੁੱਖ ਵਿਚੋਂ ਕੱਢ ਕੇ
ਪਥਰੀਲੀ ਜ਼ਮੀਨ 'ਤੇ ਪਟਕਾ ਮਾਰੋਗੇ...
ਮੈਂ ਤਾਂ ਉਦੋਂ ਹੀ ਡਿੱਡਰ ਗਈ ਸੀ ਮੰਮੀ
ਜਦੋਂ ਦਾ ਪਾਪਾ ਨੇ ਕਿਹਾ ਹੈ
ਔਖੇ ਸੌਖੇ ਇਹ ਕੰਮ ਕਰ ਲਈਏ
ਤਾਂ ਲੱਖਾਂ ਦੇ ਬੋਝ ਤੋਂ ਬਚ ਜਾਵਾਂਗੇ...
ਨਾ ਮੇਰੀ ਮੰਮੀ
ਤੂੰ ਪਾਪਣ ਨਾ ਬਣੀ
ਮੈਂ ਤੇਰੇ ਪਿਆਰ ਦਾ ਬੀਜ ਹਾਂ ਮਾਂ
ਮੈਨੂੰ ਬਚਾ ਲੈ ਅੰਮੀਏ...
ਆਖਿਰ ਏਡੀ ਵੀ ਕੀ ਗੱਲ ਹੋ ਗਈ
ਮਾਏ ਮੇਰੀਏ
ਜੇ ਪੁੱਤ ਹੁੰਦਾ ਤਾਂ ਤੂੰ ਪਾਲ ਲੈਂਦੀ
ਜੇ ਧੀ ਹੈ ਤਾਂ ਨਹੀਂ
ਇਹ ਦਾਜ ਦਾ ਓਹਲਾ ਤਾਂ ਨਿਰਾ ਬਹਾਨੈ ਬਹਾਨਾ
ਕੋਈ ਹੋਰ ਹੱਲ ਸੋਚੋ
ਇਹ ਥੋੜ੍ਹਾ ਕਿ ਆਪਣੀ ਧੀ ਨੂੰ ਮਾਰ ਦਿਓ
ਮੈਨੂੰ ਬਚਾ ਲੈ ਅੰਮੀਏ...
ਜਦੋਂ ਪਾਪਾ ਤੈਨੂੰ ਹਸਪਤਾਲ ਲਿਜਾਣ ਲਈ ਆਏ
[illegible]
ਨਾ ਮੰਮੀ ਨਾ
ਮੈਨੂੰ ਇੰਜ ਬੇਰਹਮੀ ਨਾਲ ਨਾ ਮਾਰੀਂ
ਨਾਂ ਮੰਮੀ ਨਾ
ਤੇਰੀ ਨਿੱਕੀ ਜਿਹੀ
ਅਣਜੰਮੀ ਧੀ ਤੈਨੂੰ ਅਰਜ਼ ਕਰਦੀ ਏ।

ਸਾਹਿਤ ਸਮੁੱਚੀ ਜ਼ਿੰਦਗੀ ਨੂੰ ਕਿੰਝ ਨਰੋਈਆਂ ਕਦਰਾਂ ਕੀਮਤਾਂ ਲਈ ਪ੍ਰੇਰਦੀ ਹੈ ਇਹ ਸ਼ਕਤੀਸ਼ਾਲੀ ਕਵਿਤਾ ਉਹਦੀ ਇਕ ਮਿਸਾਲ ਹੈ। ਗੁਰਮਿੰਦਰ ਸਿੱਧੂ ਨੂੰ ਇਕ ਕਵਿਤਾ ਲਈ ਸਾਹਿਤਕ ਸਲਾਮ।

**ਪਿੰਡਾਂ ਅਤੇ ਨਿੱਕੇ ਕਸਬਿਆਂ ਵਿਚ ਸਾਹਿਤ ਅਤੇ ਸਭਿਆਚਾਰਕ ਲਹਿਰ :** ਪੰਜਾਬ ਦੀ ਰਾਜਧਾਨੀ ਵਿਚ ਜਦੋਂ ਫੈਸ਼ਨ ਸ਼ੋਅ ਸਭਿਆਚਾਰਕ ਸਰਗਰਮੀਆਂ ਤੇ ਹਾਵੀ ਹੋ ਰਹੇ ਹਨ ਅਤੇ ਉਨ੍ਹਾਂ ਨੂੰ ਸਰਕਾਰੀ ਹੌਸਲਾਅਫਜ਼ਾਈ ਵੀ ਹੋ ਰਹੀ ਹੈ, ਉਥੇ ਰਾਜਧਾਨੀ ਤੋਂ ਦੂਰ ਪਿੰਡਾਂ ਵਿਚ ਅਤੇ ਨਿੱਕੇ ਨਿੱਕੇ ਕਸਬਿਆਂ ਵਿਚ ਇਕ ਸਿਹਤਮੰਦ ਸਭਿਆਚਾਰਕ ਲਹਿਰ ਉਥੇ ਦੇ ਨੌਜਵਾਨਾਂ ਵਲੋਂ ਚਲਾਈ ਜਾ ਰਹੀ ਹੈ। ਕੇਂਦਰੀ ਪੰਜਾਬੀ ਲੇਖਕ ਸਭਾ ਦੀ ਪਹਿਲਕਦਮੀ ਅਤੇ ਲੋਕਲ ਨੌਜਵਾਨਾਂ ਅਤੇ ਸਾਹਿਤਕਾਰਾਂ ਦੀਆਂ ਜਥੇਬੰਦੀਆਂ ਵਲੋਂ ਵਿਸ਼ਾਲ ਪੱਧਰ 'ਤੇ ਸਾਹਿਤ ਸਭਿਆਚਾਰਕ ਸਮਾਗਮ ਆਯੋਜਤ ਕੀਤੇ ਜਾ ਰਹੇ ਹਨ। ਦਿੜ੍ਹਬਾ (ਸ਼ਹੀਦ ਭਗਤ ਸਿੰਘ ਯੂਥ ਕਲੱਬ) ਚੌਗਾਵਾਂ (ਡੈਮੋਕਰੈਟਿਕ ਯੂਥ ਫੈਡਰੇਸ਼ਨ) ਨੰਗਲ (ਪੰਜਾਬੀ ਰੰਗ ਮੰਚ) ਵਲੋਂ ਪਿਛਲੇ ਇਕ ਹਫਤੇ ਇਹ ਸਮਾਗਮ ਵੱਡੀ ਹਾਜ਼ਰੀ ਵਾਲੇ ਕੀਤੇ ਗਏ। ਸੈਮੀਨਾਰ ਹੋਏ, ਕਵਿਤਾਵਾਂ ਪੜ੍ਹੀਆਂ ਗਈਆਂ, ਸਾਹਿਤਕ ਗੀਤ ਗਾਏ ਗਏ ਅਤੇ ਨਾਟਕ ਕੀਤੇ ਗਏ। ਬੁੱਧੀਜੀਵੀ ਜਿਹੜੇ ਅਖਬਾਰਾਂ ਦੀਆਂ ਖਬਰਾਂ ਪੜ੍ਹਦੇ ਪੰਜਾਬੀ ਸਾਹਿਤ ਅਤੇ ਸਭਿਆਚਾਰ ਬਾਰੇ ਫਿਕਰਮੰਦ ਹੋ ਜਾਂਦੇ ਹਨ, ਉਨ੍ਹਾਂ ਲਈ ਇਹ ਜਾਣਕਾਰੀ ਲਾਹੇਵੰਦ ਹੋਵੇਗੀ ਕਿ ਪੰਜਾਬੀ ਸਾਹਿਤ ਅਤੇ ਸਭਿਆਚਾਰ ਆਪਣੀਆਂ ਲੋਕ ਪੱਖੀ ਹਾਲਤਾਂ ਨਾਲ ਪੂਰੀ ਤਰ੍ਹਾਂ ਸਰਗਰਮ ਹੈ ਅਤੇ ਇਹਦਾ ਭਵਿੱਖ ਪੂਰੀ ਤਰ੍ਹਾਂ ਰਵਾਇਤਾਂ ਨਾਲ ਪੂਰੀ ਤਰ੍ਹਾਂ ਰੌਸ਼ਨ ਹੈ। ਫਿਕਰ ਦੀ ਲੋੜ ਜ਼ਰੂਰੀ ਹੈ, ਪਰ ਮਾਯੂਸੀ ਦੀ ਲੋੜ ਨਹੀਂ।

**ਬਾਬੇ ਨਾਨਕ ਦਾ ਸਭਿਆਚਾਰ :** ਇਕ ਵਿਦੇਸ਼ੀ ਪੱਤਰਕਾਰ ਜੋ ਸਿੱਖੀ ਫਲਸਫੇ ਤੋਂ ਜਾਣੂ ਵੀ ਸੀ ਅਤੇ ਪ੍ਰਭਾਵਿਤ ਵੀ ਸੀ, ਹਰਿਮੰਦਰ ਸਾਹਿਬ ਆਇਆ। ਉਹਨੂੰ ਉਹ ਸੋਨੇ ਦੀ ਕਹੀ ਵਿਖਾਈ ਗਈ, ਜਿਸ ਨਾਲ ਕਿਸੇ ਮਹਾਰਾਜੇ ਨੇ ਕਾਰ ਸੇਵਾ ਲਈ ਪਹਿਲਾ ਟੱਕ ਲਗਾਇਆ ਸੀ। ਉਸ ਦੀ ਮੰਗ ਸੀ ਉਹ ਕਹੀ ਵਿਖਾਓ ਜਿਸ ਦੇ ਨਾਲ ਅਸਲ ਕਾਰ ਸੇਵਾ ਕੀਤੀ ਗਈ। ਉਹਦੀ ਅਗਲੀ ਟਿੱਪਣੀ ਸੀ ਕਿ ਗੁਰੂ ਨਾਨਕ ਦੇ ਮੰਦਰ ਵਿਚ ਮਾਇਆ ਰੂਪੀ ਸੋਨੇ ਦੀ ਕਹੀ ਸਾਂਭਣ ਨਾਲੋਂ ਕਿਰਤ ਰੂਪੀ ਲੋਹੇ ਦੀ ਕਹੀ ਸਾਂਭਣੀ ਬਹੁਤ ਜ਼ਰੂਰੀ ਹੈ।

**ਗੁਰਸ਼ਰਨ ਸਿੰਘ**